ਤੁਹਾਡੀ ਜਾਣ-ਪਛਾਣ

# RUXIENCE® (ਰਿਟਿਊਕਸੀਮੈਬ) ਦੇ ਨਾਲ



Pr Ruxience® rituximab

Pfizer

# ਮੇਰੇ RUXIENCE ਇਲਾਜ ਦੀ ਸ਼ੁਰੂਆਤ ਕਰਨਾ

ਇਹ ਪਰਚਾ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਅਤੇ ਆਪਣੇ ਇਲਾਜ ਦਾ ਵੱਧ ਤੋਂ ਵੱਧ ਲਾਭ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤਾ ਗਿਆ ਹੈ।

ਆਪਣੇ ਇਲਾਜ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨ ਲਈ ਇਸ ਪਰਚੇ ਨੂੰ ਪੜ੍ਹਨਾ ਅਤੇ ਇਸਨੂੰ ਨੇੜੇ ਰੱਖਣਾ ਮਹੱਤਵਪੂਰਨ ਹੈ। ਨਾਲ ਹੀ, ਤੁਹਾਡੀ ਸਿਹਤ ਸੰਭਾਲ ਟੀਮ ਨਾਲ ਇਸ ਬਾਰੇ ਇਮਾਨਦਾਰ ਹੋਣਾ ਮਹੱਤਵਪੂਰਨ ਹੈ ਕਿ ਤੁਹਾਡਾ ਇਲਾਜ ਕਿਵੇਂ ਚੱਲ ਰਿਹਾ ਹੈ। ਜਦੋਂ ਤੁਹਾਡੀ ਇਲਾਜ ਯੋਜਨਾ ਬਾਰੇ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹੋਣ ਤਾਂ ਉਨ੍ਹਾਂ ਨਾਲ ਗੱਲ ਕਰੋ।

## *RUXIENCE* ਨੂੰ ਕਿਸ ਲਈ ਵਰਤਿਆ ਜਾਂਦਾ ਹੈ?

RUXIENCE ਇੱਕ ਕੈਂਸਰ ਦੀ ਦਵਾਈ ਹੈ ਜੋ ਕੈਂਸਰ ਸੈੱਲਾਂ ਦੇ ਵਿਕਾਸ ਨੂੰ ਰੋਕਣ ਲਈ ਵਰਤੀ ਜਾਂਦੀ ਹੈ ਅਤੇ ਆਦਰਸ਼ਕ ਤੌਰ 'ਤੇ ਕੈਂਸਰ ਸੈੱਲਾਂ ਦੀ ਮੌਤ ਦਾ ਕਾਰਨ ਬਣਦੀ ਹੈ। ਇਹ ਇੱਕ ਕੈਂਸਰ ਦੀ ਦਵਾਈ ਹੈ ਜਿਸਨੂੰ ਡਾਕਟਰ ਦੁਆਰਾ ਨਿਰਧਾਰਿਤ ਕੀਤੀ ਜਾਣੀ ਚਾਹੀਦੀ ਹੈ। ਇਸ ਨੂੰ ਕੁਝ ਖਾਸ ਕਿਸਮਾਂ ਦੇ ਗੈਰ-ਹੌਡਕਿਨ ਦੇ ਲਿਮਫੋਮਾ ਅਤੇ ਪੁਰਾਣੀ ਲਿਮਫੋਸਾਈਟਿਕ ਲਿਊਕੇਮੀਆ ਵਾਲੇ ਮਰੀਜ਼ਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।

## *RUXIENCE ਕਿਵੇਂ ਕੰਮ ਕਰਦੀ ਹੈ?*

ਸਾਡੇ ਸਰੀਰਾਂ ਵਿੱਚ ਕੈਂਸਰ ਸੈੱਲਾਂ ਦੇ ਵਿਰੁੱਧ ਇੱਕ ਕੁਦਰਤੀ ਰੱਖਿਆ ਪ੍ਰਣਾਲੀ ਹੁੰਦੀ ਹੈ। ਜਦੋਂ ਕੈਂਸਰ ਸੈੱਲ ਉਪਜਦੇ ਹਨ, ਤਾਂ ਸਾਡੇ ਸਰੀਰ ਐਂਟੀਬਾਡੀਜ਼ ਨਾਮਕ ਵਿਸ਼ੇਸ਼ ਪ੍ਰੋਟੀਨ ਬਣਾ ਕੇ ਪ੍ਰਤਿਕਿਰਿਆ ਕਰਦੇ ਹਨ। ਖੋਜਕਰਤਾਵਾਂ ਨੇ ਇਸ ਪ੍ਰਤਿਕਿਰਿਆ ਦਾ ਅਧਿਐਨ ਕੀਤਾ ਅਤੇ ਇਹ ਸਿੱਖਿਆ ਕਿ ਸਰੀਰ ਦੇ ਬਾਹਰ ਅਜਿਹੇ ਐਂਟੀਬਾਡੀਜ਼ ਕਿਵੇਂ ਤਿਆਰ ਕੀਤੇ ਜਾਂਦੇ ਹਨ, ਜੋ ਕੈਂਸਰ ਦੇ ਇਲਾਜ ਵਿੱਚ ਮਦਦ ਕਰਦੇ ਹਨ। ਇਨ੍ਹਾਂ ਨੂੰ ਮੋਨੋਕਲੋਨਲ ਐਂਟੀਬਾਡੀਜ਼ ਕਿਹਾ ਜਾਂਦਾ ਹੈ। ਮੋਨੋਕਲੋਨਲ ਐਂਟੀਬਾਡੀਜ਼ ਕੈਂਸਰ ਦੇ ਵਾਧੇ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਵਿੱਚ ਟਿਊਮਰ ਨੂੰ ਨਿਸ਼ਾਨਾ ਬਣਾਉਣ ਲਈ ਬਣਾਏ ਜਾਂਦੇ ਹਨ।



RUXIENCE ਦਵਾਈਆਂ ਦੇ ਇੱਕ ਪਰਿਵਾਰ ਨਾਲ ਸੰਬੰਧਿਤ ਹੈ, ਜਿਨ੍ਹਾਂ ਨੂੰ ਮੋਨੋਕਲੋਨਲ ਐਂਟੀਬਾਡੀਜ਼ ਕਹਿੰਦੇ ਹਨ। ਇਹ ਇੱਕ ਐਂਟੀਬਾਡੀ ਹੈ ਜੋ ਇਸਦੀ ਗਤੀਵਿਧੀ ਨੂੰ ਰੋਕਣ ਲਈ CD20 B-ਸੈੱਲ ਲਿਮਫੋਸਾਈਟ ਨੂੰ ਨਿਸ਼ਾਨਾ ਬਣਾਉਂਦਾ ਹੈ। RUXIENCE CD20 ਮਾਰਕਰ ਨਾਲ ਜੁੜ ਜਾਂਦੀ ਹੈ ਜੋ B-ਸੈੱਲ 'ਤੇ ਸਥਿਤ ਹੁੰਦਾ ਹੈ। RUXIENCE ਦੇ CD20 ਮਾਰਕਰ ਨਾਲ ਜੁੜ ਜਾਣ ਤੋਂ ਬਾਅਦ, ਇਹ ਕੈਂਸਰ ਸੈੱਲਾਂ ਦੇ ਵਿਕਾਸ ਨੂੰ ਰੋਕਣ ਲਈ ਕੰਮ ਕਰਦੀ ਹੈ ਅਤੇ ਉਨ੍ਹਾਂ ਨੂੰ ਨਸ਼ਟ ਕਰ ਸਕਦੀ ਹੈ।

RUXIENCE ਉਨ੍ਹਾਂ ਮਰੀਜ਼ਾਂ ਵਿੱਚ ਸਭ ਤੋਂ ਵੱਧ ਸਰਗਰਮ ਹੈ, ਜਿਨ੍ਹਾਂ ਨੂੰ B-ਸੈੱਲ ਕਿਸਮ ਦਾ ਲਿਮਫੋਮਾ ਹੈ।

## *RUXIENCE* ਲਈ ਕਿਹੜੇ ਫਾਰਮੈਟ ਉਪਲਬਧ ਹਨ?

RUXIENCE ਸਿੰਗਲ-ਵਰਤੋਂ ਵਾਲੀਆਂ ਸ਼ੀਸ਼ੀਆਂ ਵਿੱਚ ਇੱਕ ਨਿਰਜੀਵ ਤਰਲ ਘੋਲ ਵਜੋਂ ਉਪਲਬਧ ਹੈ। ਇਹ ਦੋ ਤਾਕਤਾਂ ਵਿੱਚ ਉਪਲਬਧ ਹੈ:




- 100 mg/10 mL (10 mg/mL)




- 500 mg/50 mL (10 mg/mL)

# ਮੈਨੂੰ RUXIENCE ਕਿਵੇਂ ਪ੍ਰਾਪਤ ਹੋਵੇਗੀ?

RUXIENCE ਨੂੰ ਮੂੰਹ ਦੁਆਰਾ ਨਹੀਂ ਲਿਆ ਜਾਂਦਾ ਹੈ। ਇਹ ਇੱਕ ਨਾੜੀ ਲਾਈਨ ਦੇ ਰਾਹੀਂ ਤਰਲ ਪਦਾਰਥਾਂ ਦੇ ਨਾਲ ਦਿੱਤੀ ਜਾਂਦੀ ਹੈ। ਇੱਕ ਨਾੜੀ ਲਾਈਨ, ਜਾਂ I.V., ਇੱਕ ਪਤਲੀ, ਪਲਾਸਟਿਕ ਦੀ ਟਿਊਬ ਹੁੰਦੀ ਹੈ, ਜੋ ਤੁਹਾਡੇ ਹੱਥ ਜਾਂ ਬਾਂਹ ਦੀ ਇੱਕ ਨਾੜੀ ਵਿੱਚ ਲਗਾਈ ਜਾਂਦੀ ਹੈ। ਜਦੋਂ RUXIENCE ਨੂੰ ਨਾੜੀ ਰਾਹੀਂ ਦਿੱਤਾ ਜਾਂਦਾ ਹੈ, ਇਸਨੂੰ ਇਨਫਿਊਜ਼ਨ ਕਿਹਾ ਜਾਂਦਾ ਹੈ।

RUXIENCE ਦੀ ਆਮ ਖ਼ੁਰਾਕ ਤੁਹਾਡੇ ਸਰੀਰ ਦੀ ਸਤ੍ਹਾ ਦੇ ਖੇਤਰ 'ਤੇ ਆਧਾਰਿਤ ਹੁੰਦੀ ਹੈ, ਜਿਸ ਦੀ ਗਣਨਾ ਤੁਹਾਡੇ ਲਈ ਤੁਹਾਡਾ ਡਾਕਟਰ ਕਰੇਗਾ।

ਇੱਕ ਸਿਹਤ-ਸੰਭਾਲ ਸਹੂਲਤ ਵਿੱਚ ਇੱਕ ਸਿਹਤ-ਸੰਭਾਲ ਪੇਸ਼ਾਵਰ ਤੁਹਾਨੂੰ ਤੁਹਾਡੇ ਡਾਕਟਰ ਦੁਆਰਾ ਦੱਸੇ ਅਨੁਸਾਰ RUXIENCE ਦੇਵੇਗਾ।

ਤੁਹਾਡੇ ਪਹਿਲੇ RUXIENCE ਇਨਫਿਊਜ਼ਨ ਵਿੱਚ ਦਿਨ ਦਾ ਜ਼ਿਆਦਾਤਰ ਸਮਾਂ ਲੱਗ ਸਕਦਾ ਹੈ। ਆਮ ਤੌਰ 'ਤੇ, ਬਾਕੀ ਬਚੇ ਇਨਫਿਊਜ਼ਨਾਂ ਵਿੱਚ ਘੱਟ ਸਮਾਂ ਲੱਗੇਗਾ।



# ਸੁਰੱਖਿਆ ਸੰਬੰਧੀ ਮਹੱਤਵਪੂਰਨ ਜਾਣਕਾਰੀ

## *RUXIENCE ਲੈਣ ਤੋਂ ਪਹਿਲਾਂ ਮੈਨੂੰ ਕੀ ਪਤਾ ਹੋਣਾ ਚਾਹੀਦਾ ਹੈ?*

ਜੇਕਰ ਤੁਹਾਨੂੰ ਰਿਟਿਊਕਸੀਮੈਬ (rituximab) ਜਾਂ ਸਮਾਨ ਚੂਹੇ ਜਾਂ ਮਨੁੱਖੀ ਮੂਲ ਦੇ ਪ੍ਰੋਟੀਨ, ਜਾਂ RUXIENCE ਵਿਚਲੀ ਕਿਸੇ ਹੋਰ ਸਮੱਗਰੀ ਤੋਂ ਐਲਰਜੀ ਹੈ ਤਾਂ RUXIENCE ਦੀ ਵਰਤੋਂ ਨਾ ਕਰੋ, ਜਾਂ ਜੇਕਰ ਤੁਹਾਨੂੰ ਕਦੇ ਵੀ ਪ੍ਰਗਤੀਸ਼ੀਲ ਮਲਟੀਫੋਕਲ ਲਿਊਕੋਐਂਸਫੈਲੋਪੈਥੀ (PML) ਨਾਮਕ ਦਿਮਾਗ ਦੀ ਇੱਕ ਦੁਰਲੱਭ ਲਾਗ ਹੋਈ ਹੈ ਤਾਂ ਤੁਹਾਨੂੰ RUXIENCE ਨਹੀਂ ਲੈਣੀ ਚਾਹੀਦੀ।

## *ਮਾੜੇ ਪ੍ਰਭਾਵਾਂ ਤੋਂ ਬਚਣ ਅਤੇ ਸਹੀ ਵਰਤੋਂ ਨੂੰ ਯਕੀਨੀ ਬਣਾਉਣ ਲਈ, RUXIENCE ਲੈਣ ਤੋਂ ਪਹਿਲਾਂ ਆਪਣੇ ਸਿਹਤ ਸੰਭਾਲ ਪੇਸ਼ੇਵਰ ਨਾਲ ਗੱਲ ਕਰੋ।*

ਕਿਸੇ ਵੀ ਸਿਹਤ ਸਥਿਤੀ ਜਾਂ ਸਮੱਸਿਆ ਬਾਰੇ ਗੱਲ ਕਰੋ ਜੋ ਤੁਹਾਨੂੰ ਹੋ ਸਕਦੀ ਹੈ, ਜਿਸ ਵਿੱਚ ਸ਼ਾਮਲ ਹਨ, ਜੇ:

- ਤੁਹਾਨੂੰ ਕਦੇ ਰਿਟਿਊਕਸੀਮੈਬ ਜਾਂ ਇਸ ਵਿਚਲੀ ਕਿਸੇ ਵੀ ਗੈਰ-ਦਵਾਈ ਸਮੱਗਰੀ ਤੋਂ ਮਾੜੀ ਪ੍ਰਤਿਕਿਰਿਆ ਹੋਈ ਹੈ।
- ਤੁਹਾਨੂੰ ਦੂਸਰੀਆਂ ਦਵਾਈਆਂ, ਭੋਜਨ, ਜਾਂ ਡਾਈਆਂ ਤੋਂ ਐਲਰਜੀ ਹੈ।
- ਤੁਹਾਡਾ ਦਿਲ ਦੇ ਦੌਰੇ ਜਾਂ ਸਟ੍ਰੋਕ (ਦਿਮਾਗ ਦੇ ਦੌਰੇ) ਦਾ ਇਤਿਹਾਸ ਹੈ।
- ਤੁਸੀਂ ਕੋਈ ਦੂਸਰੀਆਂ ਦਵਾਈਆਂ ਲੈ ਰਹੇ ਹੋ, ਜਿਨ੍ਹਾਂ ਵਿੱਚ ਉਹ ਦਵਾਈਆਂ ਸ਼ਾਮਲ ਹਨ, ਜੋ ਡਾਕਟਰ ਦੁਆਰਾ ਨਹੀਂ ਲਿਖੀਆਂ ਗਈਆਂ ਹਨ। ਜੇਕਰ ਤੁਸੀਂ ਬਲੱਡ ਪ੍ਰੈਸ਼ਰ ਨੂੰ ਘਟਾਉਣ ਲਈ ਦਵਾਈ ਲੈ ਰਹੇ ਹੋ। ਜੇਕਰ ਤੁਹਾਡੀ ਆਪਣੀ RUXIENCE ਥੈਰੇਪੀ ਦੇ ਪੂਰਾ ਹੋਣ ਦੇ ਦੌਰਾਨ ਜਾਂ ਬਾਅਦ ਵਿੱਚ ਕਿਸੇ ਵੈਕਸੀਨ ਨਾਲ ਟੀਕਾਕਰਨ ਕਰਾਉਣ ਦੀ ਯੋਜਨਾ ਹੈ।
- ਤੁਹਾਨੂੰ ਪਹਿਲਾਂ ਤੋਂ ਹੀ ਫੇਫੜਿਆਂ ਦੀ ਬਿਮਾਰੀ ਹੈ ਕਿਉਂਕਿ ਤੁਹਾਡੇ RUXIENCE ਇਲਾਜ ਦੇ ਇਨਫਿਊਜ਼ਨ ਦੌਰਾਨ ਤੁਹਾਨੂੰ ਸਾਹ ਲੈਣ ਵਿੱਚ ਮੁਸ਼ਕਲ ਹੋਣ ਦੀ ਜ਼ਿਆਦਾ ਸੰਭਾਵਨਾ ਹੋ ਸਕਦੀ ਹੈ।
- ਤੁਹਾਡਾ ਹੈਪੇਟਾਈਟਸ ਬੀ ਦਾ ਇਤਿਹਾਸ ਹੈ, ਤੁਹਾਨੂੰ ਮੌਜੂਦਾ ਹੈਪੇਟਾਈਟਸ ਬੀ ਜਾਂ ਟੀਬੀ ਦੀ ਲਾਗ ਹੈ।
- ਤੁਸੀਂ ਗਰਭਵਤੀ ਹੋ ਜਾਂ ਤੁਸੀਂ ਗਰਭਵਤੀ ਹੋ ਸਕਦੇ ਹੋ ਜਾਂ ਬੱਚੇ ਨੂੰ ਦੁੱਧ ਚੁੰਘਾ ਰਹੇ ਹੋ।

ਇਹ ਜਾਣਕਾਰੀ, ਇਹ ਫ਼ੈਸਲਾ ਕਰਨ ਵਿੱਚ ਤੁਹਾਡੇ ਡਾਕਟਰ ਦੀ ਅਤੇ ਤੁਹਾਡੀ ਮਦਦ ਕਰੇਗੀ ਕਿ ਕੀ ਤੁਹਾਨੂੰ RUXIENCE ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਜਦੋਂ ਤੁਸੀਂ ਦਵਾਈ ਲੈ ਰਹੇ ਹੋਵੋ ਤਾਂ ਤੁਹਾਨੂੰ ਕਿਹੜੀ ਵਾਧੂ ਦੇਖਭਾਲ ਦੀ ਲੋੜ ਹੋ ਸਕਦੀ ਹੈ।

## ਸੁਰੱਖਿਆ ਸੰਬੰਧੀ ਮਹੱਤਵਪੂਰਨ ਜਾਣਕਾਰੀ

### *RUXIENCE ਦੇ ਸੰਭਾਵੀ ਮਾੜੇ ਪ੍ਰਭਾਵ ਕੀ ਹਨ?*

ਇਹ ਉਹ ਸਾਰੇ ਸੰਭਾਵੀ ਮਾੜੇ ਪ੍ਰਭਾਵ ਨਹੀਂ ਹਨ, ਜੋ ਤੁਸੀਂ RUXIENCE ਲੈਂਦੇ ਸਮੇਂ ਮਹਿਸੂਸ ਕਰ ਸਕਦੇ ਹੋ। ਜੇਕਰ ਤੁਸੀਂ ਇੱਥੇ ਸੂਚੀਬੱਧ ਨਹੀਂ ਕੀਤੇ ਗਏ ਕਿਸੇ ਵੀ ਮਾੜੇ ਪ੍ਰਭਾਵ ਦਾ ਅਨੁਭਵ ਕਰਦੇ ਹੋ, ਤਾਂ ਆਪਣੇ ਸਿਹਤ ਸੰਭਾਲ ਪੇਸ਼ੇਵਰ ਨਾਲ ਸੰਪਰਕ ਕਰੋ।

ਸਭ ਤੋਂ ਆਮ ਸੰਭਾਵਿਤ ਅਣਚਾਹੇ ਪ੍ਰਭਾਵ ਇਨਫਿਊਜ਼ਨ ਨਾਲ ਸੰਬੰਧਿਤ ਘਟਨਾਵਾਂ ਹਨ ਅਤੇ RUXIENCE ਨਾਲ ਇਲਾਜ ਕੀਤੇ ਜਾਂਦੇ 30% ਤੋਂ ਵੱਧ ਮਰੀਜ਼ਾਂ ਨੂੰ ਹੁੰਦੀਆਂ ਹਨ:

- ਬੁਖ਼ਾਰ ਅਤੇ ਕਾਂਬਾ
- ਮਤਲੀ, ਉਲਟੀਆਂ, ਥਕਾਵਟ (ਥੱਕਿਆ ਹੋਇਆ ਜਾਂ ਕਮਜ਼ੋਰੀ ਮਹਿਸੂਸ ਕਰਨਾ), ਸਿਰ ਦਰਦ, ਚਮੜੀ 'ਤੇ ਧੱਫੜ, ਚਮੜੀ 'ਤੇ ਲਾਲੀ, ਖੁਜਲੀ, ਸਾਹ ਲੈਣ ਵੇਲੇ ਘਰਰ-ਘਰਰ ਜਾਂ ਸੀਨੇ ਵਿੱਚ ਜਕੜਨ, ਸਾਹ ਚੜ੍ਹਨਾ, ਸਾਹ ਲੈਣ ਵਿੱਚ ਮੁਸ਼ਕਲ, ਜੀਭ ਜਾਂ ਗਲੇ ਦੀ ਸੰਵੇਦਨਸ਼ੀਲਤਾ, ਗਲੇ ਵਿੱਚ ਜਲਣ, ਰਾਈਨਾਈਟਿਸ (ਵਗਦਾ ਨੱਕ), ਅਸਥਾਈ ਤੌਰ 'ਤੇ ਘੱਟ ਬਲੱਡ ਪ੍ਰੈਸ਼ਰ, ਚਿਹਰੇ ਦਾ ਲਾਲ ਹੋ ਜਾਣਾ, ਖੜ੍ਹੇ ਹੋਣ 'ਤੇ ਚੱਕਰ ਆਉਣੇ, ਤੇਜ਼ ਧੜਕਣ, ਛਾਤੀ ਵਿੱਚ ਦਰਦ ਅਤੇ ਦਰਦ ਜਿੱਥੇ ਗੈਰ-ਹੌਡਕਿਨਜ਼ ਲਿਮਫੋਮਾ ਸਥਿਤ ਹੈ

ਜੇਕਰ ਇਹ ਅਣਚਾਹੇ ਪ੍ਰਭਾਵ ਹੁੰਦੇ ਹਨ, ਤਾਂ ਇਹ ਪਹਿਲਾ ਇਨਫਿਊਜ਼ਨ ਸ਼ੁਰੂ ਕਰਨ ਤੋਂ ਬਾਅਦ 30 ਮਿੰਟਾਂ ਤੋਂ 2 ਘੰਟਿਆਂ ਦੇ ਅੰਦਰ ਹੋਣਾ ਸਭ ਤੋਂ ਆਮ ਹੈ ਪਰ ਇਹ ਇਨਫਿਊਜ਼ਨ ਖ਼ਤਮ ਹੋਣ ਤੋਂ ਬਾਅਦ ਵੀ ਹੋ ਸਕਦਾ ਹੈ। ਲੱਛਣ ਆਮ ਤੌਰ 'ਤੇ ਹਲਕੇ ਤੋਂ ਦਰਮਿਆਨੇ ਹੁੰਦੇ ਹਨ, ਜਿਨ੍ਹਾਂ ਦਾ ਆਸਾਨੀ ਨਾਲ ਇਲਾਜ ਕੀਤਾ ਜਾ ਸਕਦਾ ਹੈ। ਬਹੁਤ ਘੱਟ, ਇਹ ਪ੍ਰਤਿਕਿਰਿਆਵਾਂ ਗੰਭੀਰ ਹੋ ਸਕਦੀਆਂ ਹਨ। ਇਹ ਅਣਚਾਹੇ ਮਾੜੇ ਪ੍ਰਭਾਵ ਪਹਿਲੇ ਇਲਾਜ ਤੋਂ ਬਾਅਦ ਘੱਟ ਹੋਣੇ ਆਮ ਹਨ।

ਇਨ੍ਹਾਂ ਅਣਚਾਹੇ ਪ੍ਰਭਾਵਾਂ ਨੂੰ ਇਹਨਾਂ ਦੁਆਰਾ ਰੋਕਿਆ ਜਾਂ ਪ੍ਰਬੰਧਿਤ ਕੀਤਾ ਜਾ ਸਕਦਾ ਹੈ:

- ਤੁਹਾਡੇ RUXIENCE ਦੇ ਇਨਫਿਊਜ਼ਨ ਨੂੰ ਹੌਲੀ ਕਰਨਾ ਜਾਂ ਰੋਕਣਾ। ਲੱਛਣਾਂ ਦੇ ਹੱਲ ਹੋਣ ਤੋਂ ਬਾਅਦ ਇਲਾਜ ਨੂੰ ਦੁਬਾਰਾ ਸ਼ੁਰੂ ਕੀਤਾ ਜਾ ਸਕਦਾ ਹੈ।
- ਬੁਖ਼ਾਰ ਘਟਾਉਣ ਵਾਲੀ ਦਵਾਈ, ਜਿਵੇਂ ਕਿ TYLENOL®, ਇੱਕ ਐਂਟੀਹਿਸਟਾਮਾਈਨ, ਜਿਵੇਂ ਕਿ BENADRYL®, ਅਤੇ ਇੱਕ ਸਟੀਰੌਇਡ, ਜਿਵੇਂ ਕਿ ਪ੍ਰੇਡਨੀਸੋਨ, ਜੋ ਕਿ RUXIENCE ਦੇ ਹਰੇਕ ਇਨਫਿਊਜ਼ਨ ਤੋਂ ਪਹਿਲਾਂ ਐਲਰਜੀ ਵਾਲੀਆਂ ਪ੍ਰਤਿਕਿਰਿਆਵਾਂ ਲਈ ਦਿੱਤੀ ਜਾ ਸਕਦੀ ਹੈ। ਕਈ ਵਾਰ ਇਨ੍ਹਾਂ ਅਣਚਾਹੇ ਪ੍ਰਭਾਵਾਂ ਦਾ ਇਲਾਜ ਕਰਨ ਲਈ ਵਾਧੂ ਦਵਾਈਆਂ ਦੇਣ ਦੀ ਲੋੜ ਹੁੰਦੀ ਹੈ।

<u>ਇਸ ਤੋਂ ਇਲਾਵਾ:</u>

- ਤੁਹਾਡਾ ਡਾਕਟਰ ਤੁਹਾਨੂੰ 12 ਘੰਟੇ ਪਹਿਲਾਂ ਆਪਣੀ ਬਲੱਡ ਪ੍ਰੈਸ਼ਰ ਦੀ ਦਵਾਈ ਨਾ ਲੈਣ ਅਤੇ RUXIENCE ਦੇ ਤੁਹਾਡੇ ਇਨਫਿਊਜ਼ਨ ਦੇ ਪੂਰਾ ਹੋਣ ਤੱਕ ਇਸਨੂੰ ਲੈਣ ਵਿੱਚ ਦੇਰੀ ਕਰਨ ਲਈ ਕਹਿ ਸਕਦਾ ਹੈ। ਕਿਰਪਾ ਕਰਕੇ ਖ਼ਾਸ ਹਿਦਾਇਤਾਂ ਲਈ ਆਪਣੇ ਡਾਕਟਰ ਨੂੰ ਪੁੱਛੋ।
- ਕਿਉਂਕਿ RUXIENCE ਦੇ ਨਾਲ ਦਿੱਤੀਆਂ ਜਾਂਦੀਆਂ ਕੁਝ ਦਵਾਈਆਂ ਨਾਲ ਚੱਕਰ ਆ ਸਕਦੇ ਹਨ ਜਾਂ ਨੀਂਦ ਆ ਸਕਦੀ ਹੈ, ਤੁਹਾਨੂੰ ਹਰ ਇਲਾਜ ਤੋਂ ਬਾਅਦ ਤੁਹਾਡੇ ਘਰ ਲਿਜਾਉਣ ਲਈ ਕਿਸੇ ਹੋਰ ਵਿਅਕਤੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ।

ਅਜਿਹੇ ਸੰਭਾਵੀ ਅਣਚਾਹੇ ਪ੍ਰਭਾਵ ਵੀ ਹਨ ਜੋ ਗੰਭੀਰ ਹੋ ਸਕਦੇ ਹਨ ਪਰ ਬਹੁਤ ਹੀ ਘੱਟ ਆਮ ਹਨ:

- ਛਾਤੀ ਵਿੱਚ ਦਰਦ, ਤੇਜ਼ ਜਾਂ ਅਨਿਯਮਿਤ ਜਾਂ ਅਸਮਾਨ ਧੜਕਣ।
- ਖ਼ੂਨ ਵਿਚ ਸਫੈਦ ਰਕਤ ਕਣਾਂ, ਲਾਲ ਰਕਤ ਕਣਾਂ ਅਤੇ ਪਲੇਟਲੈਟਸ ਦਾ ਘੱਟ ਜਾਣਾ।
- ਲਾਗ ਅਤੇ ਖ਼ੂਨ ਵਗਣਾ।
- ਸੈੱਲਾਂ ਦਾ ਤੇਜ਼ੀ ਨਾਲ ਵਿਨਾਸ਼ ਜੋ ਕਈ ਵਾਰ ਗੁਰਦੇ, ਦਿਲ ਜਾਂ ਸਾਹ ਲੈਣ ਵਿੱਚ ਸਮੱਸਿਆਵਾਂ (ਟਿਊਮਰ ਲਾਈਸਿਸ ਸਿੰਡਰੋਮ) ਦਾ ਕਾਰਨ ਬਣਦਾ ਹੈ।
- ਚਮੜੀ ਅਤੇ ਮੂੰਹ ਦੇ ਅੰਦਰ ਦੀ ਲਾਲੀ ਜਾਂ ਛਾਲੇ।
- ਹੈਪੇਟਾਈਟਿਸ ਬੀ ਦੀ ਲਾਗ ਦਾ ਦੁਬਾਰਾ ਹੋਣਾ। ਹੈਪੇਟਾਈਟਸ ਬੀ ਦੇ ਚਿੰਨ੍ਹਾਂ ਅਤੇ ਲੱਛਣਾਂ ਵਿੱਚ ਹਲਕਾ ਬੁਖ਼ਾਰ, ਬਿਮਾਰੀ ਦਾ ਅਹਿਸਾਸ, ਥਕਾਵਟ, ਭੁੱਖ ਨਾ ਲੱਗਣੀ, ਜੋੜਾਂ ਅਤੇ/ਜਾਂ ਪੇਟ ਵਿੱਚ ਦਰਦ ਅਤੇ ਅੱਖਾਂ ਦੇ ਸਫੇਦ ਹਿੱਸੇ ਦਾ, ਚਮੜੀ ਅਤੇ ਜੀਭ ਦਾ ਪੀਲਾ ਹੋਣਾ ਸ਼ਾਮਲ ਹਨ।
- ਸਰੀਰ ਦੇ ਇੱਕ ਪਾਸੇ ਕਮਜ਼ੋਰੀ ਦਾ ਵਧਣਾ, ਬੇਢੰਗਾਪਣ ਜਾਂ ਡਿੱਗਣਾ, ਸੋਚਣ ਜਾਂ ਯਾਦਦਾਸ਼ਤ ਵਿੱਚ ਤਕਲੀਫ਼, ਮੂਡ ਵਿੱਚ ਬਦਲਾਅ ਅਤੇ ਨਜ਼ਰ ਵਿੱਚ ਤਬਦੀਲੀ।

ਜੇਕਰ ਤੁਹਾਨੂੰ ਕੀਮੋਥੈਰੇਪੀ ਦੇ ਨਾਲ RUXIENCE ਦਿੱਤੀ ਗਈ ਹੈ, ਤਾਂ ਹੇਠਾਂ ਦਿੱਤੇ ਵਾਧੂ ਅਣਚਾਹੇ ਪ੍ਰਭਾਵ ਹੋ ਸਕਦੇ ਹਨ:

- ਅਚਾਨਕ ਬੋਲ ਨਾ ਸਕਣਾ, ਸਰੀਰ ਦੇ ਇੱਕ ਪਾਸੇ ਜਾਂ ਸਾਰੇ ਹਿੱਸੇ ਵਿੱਚ ਕਮਜ਼ੋਰੀ ਜਾਂ ਸੁੰਨ ਹੋਣਾ, ਨਜ਼ਰ ਚਲੀ ਜਾਣਾ ਜਾਂ ਧੁੰਦਲੀ ਨਜ਼ਰ, ਬਿਨਾਂ ਕਾਰਨ ਦੇ ਚੱਕਰ ਆਉਣਾ ਅਤੇ/ਜਾਂ ਅਚਾਨਕ ਡਿੱਗਣਾ।
- ਹਰਪੀਜ਼ ਜ਼ੋਸਟਰ ਜਿਸ ਨੂੰ ਸ਼ਿੰਗਲਜ਼ ਵੀ ਕਿਹਾ ਜਾਂਦਾ ਹੈ। ਸ਼ਿੰਗਲਜ਼ ਦੇ ਲੱਛਣਾਂ ਵਿੱਚ ਸ਼ਾਮਲ ਹਨ ਖੁਜਲੀ, ਝਰਨਾਹਟ ਜਾਂ ਗੰਭੀਰ ਜਲਣਸ਼ੀਲ ਦਰਦ ਵਾਲੇ ਲਾਲ ਪੈਚ ਜੋ ਛਾਲਿਆਂ ਵਿੱਚ ਵਿਕਸਤ ਹੋ ਜਾਂਦੇ ਹਨ ਅਤੇ ਆਮ ਤੌਰ 'ਤੇ ਸਰੀਰ ਦੇ ਧੜ ਵਾਲੇ ਹਿੱਸੇ ਵਿੱਚ ਇੱਕ ਸਮੂਹ ਵਿੱਚ ਹੁੰਦੇ ਹਨ।

ਕਿਰਪਾ ਕਰਕੇ CHOP, CVP ਜਾਂ FC ਕੀਮੋਥੈਰੇਪੀ ਦੇ ਕਾਰਨ ਹੋ ਸਕਣ ਵਾਲੇ ਅਣਚਾਹੇ ਪ੍ਰਭਾਵਾਂ ਲਈ ਆਪਣੇ ਡਾਕਟਰ, ਨਰਸ ਜਾਂ ਫਾਰਮਾਸਿਸਟ ਦੀ ਸਲਾਹ ਲਵੋ। RUXIENCE ਦੇ ਸੰਭਾਵੀ ਮਾੜੇ ਪ੍ਰਭਾਵਾਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਆਪਣੀ ਸਿਹਤ ਸੰਭਾਲ ਟੀਮ ਦੁਆਰਾ ਪ੍ਰਦਾਨ ਕੀਤੇ ਪੈਕੇਜ ਵਿਚਲੀ ਜਾਣਕਾਰੀ ਨੂੰ ਦੇਖੋ।

ਜੇ ਤੁਹਾਨੂੰ ਕੋਈ ਅਜਿਹਾ ਤਕਲੀਫ਼ ਦੇਹ ਲੱਛਣ ਜਾਂ ਮਾੜਾ ਪ੍ਰਭਾਵ ਹੈ ਜੋ ਇੱਥੇ ਸੂਚੀਬੱਧ ਨਹੀਂ ਹੈ ਜਾਂ ਬਹੁਤ ਮਾੜਾ ਬਣ ਜਾਂਦਾ ਹੈ ਜਿਸ ਨਾਲ ਤੁਹਾਡੀਆਂ ਰੋਜ਼ਾਨਾ ਗਤੀਵਿਧੀਆਂ ਵਿੱਚ ਵਿਘਨ ਪੈ ਸਕਦਾ ਹੈ, ਤਾਂ ਆਪਣੇ ਸਿਹਤ-ਸੰਭਾਲ ਪੇਸ਼ੇਵਰ ਨਾਲ ਗੱਲ ਕਰੋ।

# ਸੁਰੱਖਿਆ ਸੰਬੰਧੀ ਮਹੱਤਵਪੂਰਨ ਜਾਣਕਾਰੀ

## ਗੰਭੀਰ ਚੇਤਾਵਨੀਆਂ ਅਤੇ ਸਾਵਧਾਨੀਆਂ

RUXIENCE ਨਾਲ ਜੁੜੇ ਕੁਝ ਮਾੜੇ ਪ੍ਰਭਾਵ ਗੰਭੀਰ ਹਨ ਅਤੇ ਜਾਨਲੇਵਾ ਹੋ ਸਕਦੇ ਹਨ। ਇਸ ਦਵਾਈ ਦੀ ਵਰਤੋਂ ਕੇਵਲ ਅਜਿਹੇ ਸਿਹਤ ਪੇਸ਼ੇਵਰਾਂ ਦੁਆਰਾ ਕੀਤੀ ਜਾਣੀ ਚਾਹੀਦੀ ਹੈ ਜਿਹੜੇ ਕੈਂਸਰ ਦੇ ਇਲਾਜ ਦਾ ਅਨੁਭਵ ਰੱਖਦੇ ਹਨ, ਜਿੱਥੇ ਅਚਾਨਕ ਅਤੇ ਜਾਨਲੇਵਾ ਪ੍ਰਤਿਕਿਰਿਆਵਾਂ ਦਾ ਤੁਰੰਤ ਇਲਾਜ ਕੀਤਾ ਜਾ ਸਕਦਾ ਹੋਵੇ।

ਘਾਤਕ ਐਲਰਜੀ ਵਾਲੀਆਂ ਪ੍ਰਤਿਕਿਰਿਆਵਾਂ ਅਤੇ ਟਿਊਮਰ ਲਾਈਸਿਸ ਸਿੰਡਰੋਮ (TLS) ਜੋ ਕਿਡਨੀ ਨੂੰ ਘਾਤਕ ਨੁਕਸਾਨ ਪਹੁੰਚਾਉਂਦਾ ਹੈ।

ਹੈਪੇਟਾਈਟਸ ਦੇ ਦੁਬਾਰਾ ਅਤੇ ਕਈ ਵਾਰ ਘਾਤਕ ਹਮਲੇ ਹੋਏ ਹਨ। ਹੈਪੇਟਾਈਟਸ ਬੀ ਵਾਇਰਸ ਦੀ ਲਾਗ ਦਾ ਦੁਬਾਰਾ ਹੋਣਾ ਉਨ੍ਹਾਂ ਮਰੀਜ਼ਾਂ ਵਿੱਚ ਹੋਇਆ ਹੈ, ਜੋ ਖ਼ੂਨ ਦੀ ਜਾਂਚ ਵਿੱਚ ਵਾਇਰਸ ਦੇ ਸਬੂਤ ਦਿਖਾਉਂਦੇ ਹਨ। ਇਹ ਸਲਾਹ ਦਿੱਤੀ ਜਾਂਦੀ ਹੈ ਕਿ RUXIENCE ਨਾਲ ਇਲਾਜ ਸ਼ੁਰੂ ਕਰਨ ਤੋਂ ਪਹਿਲਾਂ ਸਾਰੇ ਮਰੀਜ਼ਾਂ ਦੀ ਹੈਪੇਟਾਈਟਸ ਬੀ ਵਾਇਰਸ ਦੀ ਲਾਗ ਲਈ ਜਾਂਚ ਕੀਤੀ ਜਾਵੇ।

RUXIENCE ਦੇ ਨਾਲ ਇਲਾਜ ਕਰਨ ਦੇ ਦੌਰਾਨ ਜਾਂ ਬਾਅਦ ਵਿੱਚ ਗੰਭੀਰ ਅਤੇ ਘਾਤਕ ਲਾਗ ਲੱਗ ਸਕਦੀ ਹੈ। JC ਵਾਇਰਸ ਨਾਮਕ ਇੱਕ ਦੁਰਲੱਭ ਦਿਮਾਗ ਦੀ ਲਾਗ ਜੋ ਪ੍ਰਗਤੀਸ਼ੀਲ ਮਲਟੀਫੋਕਲ ਲਿਊਕੋਐਂਸਫੈਲੋਪੈਥੀ (PML) ਦਾ ਕਾਰਨ ਬਣਦੀ ਹੈ ਅਤੇ ਗੈਰ-ਹੋਜਕਿਨ ਦੇ ਲਿਮਫੋਮਾ (NHL) ਅਤੇ ਕ੍ਰੋਨਿਕ ਲਿਮਫੋਸਾਈਟਿਕ ਲਿਊਕੇਮੀਆ (CLL) ਵਾਲੇ ਮਰੀਜ਼ਾਂ ਵਿੱਚ ਮੌਤ ਦਰਜ ਕੀਤੀ ਗਈ ਹੈ। ਇਹ ਅੰਦਾਜ਼ਾ ਲਗਾਉਣਾ ਔਖਾ ਹੈ ਕਿ PML ਕਿਸ ਨੂੰ ਹੋਵੇਗਾ, ਪਰ ਇਹ ਕਮਜ਼ੋਰ ਰੋਗ-ਪ੍ਰਤਿਰੋਧਕ ਪ੍ਰਣਾਲੀ ਵਾਲੇ ਲੋਕਾਂ ਵਿੱਚ ਹੋਣਾ ਜ਼ਿਆਦਾ ਆਮ ਹੈ।

ਇਨਫਿਊਜ਼ਨ ਦੀਆਂ ਗੰਭੀਰ ਪ੍ਰਤਿਕਿਰਿਆਵਾਂ ਤੁਹਾਡੇ ਇਨਫਿਊਜ਼ਨ ਦੇ ਦੌਰਾਨ ਜਾਂ ਤੁਹਾਡੇ RUXIENCE ਦੇ ਇਨਫਿਊਜ਼ਨ ਤੋਂ ਬਾਅਦ 24 ਘੰਟਿਆਂ ਦੇ ਅੰਦਰ ਹੋ ਸਕਦੀਆਂ ਹਨ।

ਟੌਕਸਿਕ ਏਪੀਡਰਮਲ ਨੈਕਰੋਲਿਸਿਸ (TEN) ਅਤੇ ਸਟੀਵਨਸ-ਜਾਨਸਨ ਸਿੰਡਰੋਮ (SJS) ਵਰਗੀਆਂ ਗੰਭੀਰ ਚਮੜੀ ਦੀਆਂ ਪ੍ਰਤਿਕਿਰਿਆਵਾਂ ਬਹੁਤ ਹੀ ਘੱਟ ਦਰਜ ਕੀਤੀਆਂ ਗਈਆਂ ਹਨ। ਕੁਝ ਮਾਮਲਿਆਂ ਵਿੱਚ ਮੌਤ ਵੀ ਹੋਈ ਹੈ।

RUXIENCE ਦੇ ਨਾਲ ਇਲਾਜ ਤੋਂ ਬਾਅਦ ਗੰਭੀਰ ਅਤੇ ਸੰਭਾਵੀ ਤੌਰ 'ਤੇ ਘਾਤਕ ਕਾਰਡੀਓਵੈਸਕੁਲਰ ਘਟਨਾਵਾਂ ਘੱਟ ਹੀ ਦਰਜ ਕੀਤੀਆਂ ਗਈਆਂ ਹਨ।



## ਮੇਰੀ ਅਗਲੀ ਮੁਲਾਕਾਤ ਲਈ ਤਿਆਰੀ ਕਰਨੀ

ਜੇ ਤੁਹਾਨੂੰ ਆਪਣੇ ਇਲਾਜ ਬਾਰੇ ਕੋਈ ਚਿੰਤਾਵਾਂ ਹਨ ਤਾਂ ਸਵਾਲ ਪੁੱਛਣਾ ਅਤੇ ਆਪਣੀ ਸਿਹਤ ਸੰਭਾਲ ਟੀਮ ਨੂੰ ਦੱਸਣਾ ਮਹੱਤਵਪੂਰਨ ਹੈ। ਕੁਝ ਵੀ ਲਿਖਣ ਲਈ ਹੇਠਾਂ ਦਿੱਤੀ ਥਾਂ ਦੀ ਵਰਤੋਂ ਕਰੋ, ਜਿਸ ਬਾਰੇ ਤੁਸੀਂ ਆਪਣੀਆਂ ਅਗਲੀਆਂ ਮੁਲਾਕਾਤਾਂ ਵਿੱਚੋਂ ਕਿਸੇ ਵਿੱਚ ਵੀ ਆਪਣੀ ਟੀਮ ਨਾਲ ਗੱਲ ਕਰਨਾ ਚਾਹੁੰਦੇ ਹੋ।

1. ______

2. ______

3. ______

4. ______

5. ______

6. ______

7. ______

8. ______

9. ______

10. ______



## ਮੇਰੀ ਸਿਹਤ ਸੰਭਾਲ ਟੀਮ ਦੀ ਸੰਪਰਕ ਜਾਣਕਾਰੀ

ਨਾਮ: ______ ਫ਼ੋਨ ਨੰਬਰ: ______

ਨਾਮ: ______ ਫ਼ੋਨ ਨੰਬਰ: ______

ਨਾਮ: ______ ਫ਼ੋਨ ਨੰਬਰ: ______

ਨਾਮ: ______ ਫ਼ੋਨ ਨੰਬਰ: ______

ਨਾਮ: ______ ਫ਼ੋਨ ਨੰਬਰ: ______



## ਸਹਾਇਤਾ ਇਹ ਮਦਦ ਕਰ ਸਕਦੀ ਹੈ

ਜੇ ਤੁਸੀਂ ਸੋਚਦੇ ਹੋ ਕਿ ਕੋਈ ਸਹਾਇਤਾ ਸਮੂਹ ਤੁਹਾਡੇ ਲਈ ਮਦਦਗਾਰ ਹੋ ਸਕਦਾ ਹੈ, ਤਾਂ ਆਪਣੀ ਸਿਹਤ ਸੰਭਾਲ ਟੀਮ ਨੂੰ ਆਪਣੇ ਖ਼ਾਤਰ ਵਿੱਚ ਸਹਾਇਤਾ ਸਮੂਹਾਂ ਬਾਰੇ ਪੁੱਛੋ।

## ਵਾਧੂ ਸਰੋਤ

### ਕੈਨੇਡੀਅਨ ਕੈਂਸਰ ਸੋਸਾਇਟੀ

ਕੈਨੇਡੀਅਨ ਕੈਂਸਰ ਸੋਸਾਇਟੀ (CCS) ਇੱਕ ਰਾਸ਼ਟਰੀ, ਕਮਿਊਨਿਟੀ-ਆਧਾਰਿਤ ਸੰਸਥਾ ਹੈ ਜੋ ਕੈਂਸਰ ਤੋਂ ਪ੍ਰਭਾਵਿਤ ਮਰੀਜ਼ਾਂ ਅਤੇ ਪਰਿਵਾਰਾਂ ਨੂੰ ਜਾਣਕਾਰੀ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੀ ਹੈ।

CCS ਦੀ ਔਨਲਾਈਨ ਕਮਿਊਨਿਟੀ, Cancerconnection.ca, ਇੱਕ ਅਜਿਹੀ ਥਾਂ ਹੈ ਜਿੱਥੇ ਕੈਂਸਰ ਤੋਂ ਪ੍ਰਭਾਵਿਤ ਮਰੀਜ਼ ਅਤੇ ਪਰਿਵਾਰ ਆਪਣੇ ਅਨੁਭਵਾਂ ਨੂੰ ਸਾਂਝੇ ਕਰ ਸਕਦੇ ਹਨ ਅਤੇ ਸਹਾਇਕ ਸੰਬੰਧ ਬਣਾ ਸਕਦੇ ਹਨ। ਭਾਵੇਂ ਤੁਸੀਂ ਜਿੱਥੇ ਵੀ ਹੋਵੋ, ਤੁਸੀਂ ਦੂਜਿਆਂ ਨਾਲ ਔਨਲਾਈਨ ਜੁੜ ਸਕਦੇ ਹੋ ਅਤੇ ਜਾਣ ਸਕਦੇ ਹੋ ਕਿ ਤੁਸੀਂ ਇਕੱਲੇ ਨਹੀਂ ਹੋ।

www.cancerconnection.ca ਜਾਂ www.cancer.ca 'ਤੇ ਜਾਓ ਜਾਂ 1-888-939-3333 'ਤੇ ਕਾਲ ਕਰੋ।

### ਲਿਊਕੇਮੀਆ ਅਤੇ ਲਿਮਫੋਮਾ ਸੋਸਾਇਟੀ ਆਫ਼ ਕੈਨੇਡਾ

ਲਿਊਕੇਮੀਆ ਅਤੇ ਲਿਮਫੋਮਾ ਸੋਸਾਇਟੀ ਆਫ਼ ਕੈਨੇਡਾ (LLSC) ਖ਼ੂਨ ਦੇ ਕੈਂਸਰਾਂ ਨੂੰ ਸਮਰਪਿਤ ਇੱਕ ਵਾਲੰਟਰੀ ਸਿਹਤ ਏਜੰਸੀ ਹੈ। LLSC ਮਰੀਜ਼ਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਮੁਫ਼ਤ ਜਾਣਕਾਰੀ ਅਤੇ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੀ ਹੈ।

www.llscanada.org 'ਤੇ ਜਾਓ ਜਾਂ 1-800-955-4572 'ਤੇ ਕਾਲ ਕਰੋ।

### ਲਿਮਫੋਮਾ ਕੈਨੇਡਾ

ਲਿਮਫੋਮਾ ਕੈਨੇਡਾ, ਬਿਨਾਂ ਕਿਸੇ ਕੀਮਤ ਦੇ ਅਤੇ ਦੋਵਾਂ ਸਰਕਾਰੀ ਭਾਸ਼ਾਵਾਂ ਵਿੱਚ, ਗੈਰ-ਹੌਡਕਿਨ ਦਾ ਲਿਮਫੋਮਾ ਅਤੇ ਕ੍ਰੋਨਿਕ ਲਿਮਫੋਸਾਈਟਿਕ ਲਿਊਕੇਮੀਆ, ਸਾਥੀ ਅਤੇ ਦੇਖਭਾਲ ਕਰਨ ਵਾਲਿਆਂ ਦੇ ਸਹਾਇਤਾ ਸਮੂਹ, ਸਿੱਖਿਆ ਮੰਚ ਅਤੇ ਮਰੀਜ਼ਾਂ ਦੀ ਤਰਫੋਂ ਵਕਾਲਤ ਲਈ ਇਲੈਕਟ੍ਰਾਨਿਕ ਅਤੇ ਪ੍ਰਿੰਟ ਸਮੱਗਰੀ ਪ੍ਰਦਾਨ ਕਰਦਾ ਹੈ। ਲਿਮਫੋਮਾ ਕੈਨੇਡਾ ਕੈਨੇਡੀਅਨ ਖੋਜ ਨੂੰ ਵੀ ਫੰਡ ਦਿੰਦਾ ਹੈ।

www.lymphoma.ca 'ਤੇ ਜਾਓ ਜਾਂ 1-866-659-5556 'ਤੇ ਕਾਲ ਕਰੋ।

ਇਸ ਪੰਨੇ 'ਤੇ ਸੁਝਾਏ ਗਏ ਸਰੋਤਾਂ ਦਾ ਮਤਲਬ ਤੀਜੀ-ਧਿਰ ਦੀਆਂ ਸੰਸਥਾਵਾਂ ਦਾ ਸਮਰਥਨ ਕਰਨਾ ਜਾਂ ਉਨ੍ਹਾਂ ਨਾਲ ਸੰਬੰਧ ਦੇ ਸੰਕੇਤ ਦੇਣਾ ਨਹੀਂ ਹੈ ਅਤੇ ਇਹ ਸਰੋਤ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਦਿੱਤੇ ਹੁੰਦੇ ਹਨ। Pfizer ਗੈਰ-Pfizer ਸਾਈਟਾਂ ਦੀ ਸਮੱਗਰੀ ਲਈ ਜ਼ਿੰਮੇਵਾਰ ਨਹੀਂ ਹੈ।

## ਟਿੱਪਣੀਆਂ

## ਟਿੱਪਣੀਆਂ



# Pfizer Liaison

Patient Support Program

**ਤੁਹਾਨੂੰ ਉਨ੍ਹਾਂ ਸਰੋਤਾਂ ਨਾਲ ਜੋੜਨਾ ਜੋ ਤੁਹਾਡੀ ਇਲਾਜ ਤੱਕ ਪਹੁੰਚ ਦਾ ਸਮਰਥਨ ਕਰਦੇ ਹਨ ਅਤੇ ਤੁਹਾਡੀ ਸਿਹਤ-ਸੰਭਾਲ ਟੀਮ ਦੁਆਰਾ ਪ੍ਰਦਾਨ ਕੀਤੀ ਗਈ ਦੇਖਭਾਲ ਦੇ ਪੂਰਕ ਹਨ**

- ਅਦਾਇਗੀ ਸੰਬੰਧੀ ਨੈਵੀਗੇਸ਼ਨ ਅਤੇ ਮੁਲਾਂਕਣ
- ਬੀਮਾ ਲਾਭਾਂ ਦਾ ਤਾਲਮੇਲ
- ਵਿੱਤੀ ਸਹਾਇਤਾ*
- ਇਲਾਜ ਬਾਰੇ ਜਾਣਕਾਰੀ

Pfizer Liaison ਵਿੱਚ ਨਾਮ ਦਰਜ ਕਰਵਾਉਣ ਲਈ, ਸਾਡੇ ਨਾਲ ਫ਼ੋਨ ਰਾਹੀਂ, 1-844-533-0150 'ਤੇ, ਫੈਕਸ ਰਾਹੀਂ 1-844-533-1151 'ਤੇ, ਜਾਂ ਈਮੇਲ ਰਾਹੀਂ pfizerliaison@rxinfinity.ca 'ਤੇ ਸੰਪਰਕ ਕਰੋ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ mypfizer.ca ਦੇਖੋ

* ਵਿੱਤੀ ਸਹਾਇਤਾ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ।

Pfizer

RUXIENCE® Pfizer Inc. ਦਾ ਇੱਕ ਟ੍ਰੇਡਮਾਰਕ ਹੈ। ਲਾਇਸੰਸ ਅਧੀਨ ਵਰਤਿਆ ਜਾਂਦਾ ਹੈ।
TYLENOL® Johnson & Johnson ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ।
BENADRYL® Johnson & Johnson ਦਾ ਇੱਕ ਰਜਿਸਟਰਡ ਟ੍ਰੇਡਮਾਰਕ ਹੈ।
© 2022 Pfizer Canada ULC, Kirkland, Quebec H9J 2M5
PP-RIT-CAN-0071-PA

Pr Ruxience® rituximab